## ਸਕੂਲ ਐਕਸ਼ਨ ਐਂਡ ਸਕੂਲ ਐਕਸ਼ਨ ਪਲੱਸ
School Action/Early Years Action

ਸਕੂਲ ਦੇ ਕਦਮ/ਅਰਲੀ ਯੀਅਰ ਐਕਸ਼ਨ (ਸ਼ੁਰੂ ਦੇ ਸਾਲਾਂ ਲਈ ਕਦਮ)
ਜਦੋਂ ਕਲਾਸ ਟੀਚਰ, ਵਿਸ਼ੇ ਪੜਾਉਣ ਵਾਲਾ ਟੀਚਰ ਜਾਂ ਸਪੈਸ਼ਲ ਏਜੁਕੇਸ਼ਨਲ ਨੀਡਜ਼ ਕੋਆਰਡੀਨੇਟਰ (SENCO) ਨੇ ਪਛਾਣ ਲਿਆ ਕਿ ਤੁਹਾਡੇ ਬੱਚੇ ਦੀਆਂ ਉਹ ਲੋੜਾਂ ਹਨ ਜੋਕਿ ਸਕੂਲ ਦੇ ਨਾਰਮਲ ਵਿਸ਼ਾ ਪ੍ਰਣਾਲੀ ਦੀ ਪਲੈਨਿੰਗ ਦੇ ਹਿੱਸੇ ਵਲੋਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਤੋਂ ਇਹ ਵਾਧੂ ਹਨ ਜਾਂ ਵੱਖਰੀਆਂ/ਅਲਾਹਿਦਾ ਹਨ ਤਾਂ ਹੇਠਾਂ ਲਿੱਖੀਆਂ ਗੱਲਾਂ ਹੋਣਗੀਆਂ:

- ਇਕੱਲੇ ਲਈ ਖਾਸ ਏਜੁਕੇਸ਼ਨ ਪਲੈਨ (IEP) ਲਿੱਖੀ ਜਾਵੇਗੀ
- ਸਪੈਸ਼ਲ ਏਜੁਕੇਸ਼ਨ ਨੀਡਜ਼ ਕੋਆਰਡੀਨੇਟਰ ਤੁਹਾਡੇ ਬੱਚੇ ਬਾਰੇ ਮਿਲਣ ਵਾਲੀ ਸਾਰੀ ਜਾਣਕਾਰੀ ਇਕੱਠੀ ਕਰੇਗਾ ਅਤੇ ਤੁਹਾਡੇ ਕੋਲੋਂ ਮਾਪੇ ਹੋਣ ਦੇ ਨਾਤੇ ਹੋਰ ਜ਼ਿਆਦਾ ਜਾਣਕਾਰੀ ਬਾਰੇ ਪੁੱਛੇਗਾ।
- ਜੇ ਕੋਈ ਸਕੂਲ ਤੋਂ ਬਾਹਰਲਾ ਪ੍ਰਫ਼ੈਸ਼ਨਲ ਸ਼ਾਮਲ ਹੈ ਮਿਸਾਲ ਦੇ ਤੌਰ ਤੇ ਹੈਲਥ ਜਾਂ ਸੋਸ਼ਲ ਸਰਵਿਸਜ਼ ਤਾਂ ਇਹ ਉਨ੍ਹਾਂ ਲਈ ਚੰਗੀ ਪ੍ਰੈਕਟਿਸ ਹੈ ਕਿ ਜੇ ਉਹ ਤੁਹਾਡੀ ਇਜ਼ਾਜ਼ਤ ਲੈ ਲੈਣ ਅਤੇ ਸਕੂਲ ਦੇ ਨਾਲ ਉਹ ਕੰਮ ਕਰਨ।
- ਬੱਚੇ ਬਾਰੇ ਇਕੱਠੀ ਕੀਤੀ ਗਈ ਜਾਣਕਾਰੀ ਉਸ ਦੇ ਆਪਣੇ ਇਕੱਲੇ ਦੇ ਰਿਕਾਰਡ ਵਿੱਚ ਰੱਖੀ ਜਾਵੇਗੀ।

### ਸੰਭਵ ਸਪੋਰਟ/ਮਦਦ
Possible support

ਤੁਹਾਡੇ ਬੱਚੇ ਨੂੰ ਸ਼ਾਇਦ ਮਦਦ ਮਿਲੇ ਜਿਸ ਵਿੱਚ ਹੇਠਾਂ ਲਿੱਖੀਆਂ ਗੱਲਾਂ ਸ਼ਾਮਲ ਹੋਣ:

- ਇਕੱਲੇ ਲਈ ਏਜੁਕੇਸ਼ਨ ਪਲੈਨ ਜਿਸ ਨੂੰ ਅਮਲ ਵਿੱਚ ਲਿਆਂਦਾ ਜਾਵੇ
- ਸਿਖਾਲਣ ਲਈ ਵੱਖਰਾ ਸਮਾਨ
- ਸਪੈਸ਼ਲਿਸਟ/ਖਾਸ ਸਾਜੋਸਮਾਨ
- ਇਕੱਲੇ ਲਈ ਜਾਂ ਗਰੁੱਪ ਵਿੱਚ ਮਦਦ
- ਜ਼ਿਆਦਾ ਅਸਰਦਾਇਕ ਤਰੀਕੇ ਸ਼ੁਰੂ ਕਰਨ ਲਈ ਸਟਾਫ਼ ਨੂੰ ਤਿਆਰ ਕਰਨਾ ਅਤੇ ਟ੍ਰੇਨਿੰਗ ਦੇਣੀ
- ਲੋਕਲ ਅਥੋਰਿਟੀ ਪਾਸੋਂ ਸਪੋਰਟ ਦੇਣ ਵਾਲੇ ਸਟਾਫ਼ ਪਾਸੋਂ ਕਦੀ ਕਦੀ ਜਾਂ ਸਿਰਫ਼ ਇੱਕ ਵਾਰੀ ਸਲਾਹ ਮਸ਼ਵਰਾ ਲੈਣਾ

### ਸਕੂਲ ਐਕਸ਼ਨ ਪਲੱਸ/ਅਰਲੀ ਯੀਅਰ ਐਕਸ਼ਨ ਪਲੱਸ
School Action Plus/Early Action Plus

ਸਕੂਲ ਦੀ ਐਕਸ਼ਨ ਪਲੱਸ ਵਿੱਚ ਲੋਕਲ ਅਥੋਰਿਟੀ ਦੇ ਹੋਰ ਪ੍ਰੋਫ਼ੈਸ਼ਨਲ ਅਤੇ ਸਕੂਲ ਤੋਂ ਬਾਹਰਲੀਆਂ ਏਜੰਸੀਆਂ ਆਮ ਤੌਰ ਤੇ ਤੁਹਾਡੇ ਬੱਚੇ ਨਾਲ ਸ਼ਾਮਲ ਹੋਣਗੀਆਂ। ਇਹ ਖਾਸ ਮਾਹਿਰ ਅਸੈਸਮੈਂਟ ਕਰਨ, ਖਾਸ ਤਰੀਕੇ ਜਾਂ ਸਮਾਨ ਸਕੂਲ ਦੇ ਸਟਾਫ਼ ਲਈ ਵਰਤਣ ਵਿੱਚ ਮਦਦ ਕਰ ਸਕਦੇ ਹਨ। ਕੁਝ ਸਪੈਸ਼ਲਿਸਟ ਸਟਾਫ਼ ਸ਼ਾਇਦ ਤੁਹਾਡੇ ਬੱਚੇ ਨਾਲ ਕੰਮ ਕਰ ਸਕਣ।

- ਇਕੱਲੇ ਲਈ ਖਾਸ ਏਜੁਕੇਸ਼ਨ ਪਲੈਨ ਲਿੱਖੀ ਜਾਵੇਗੀ ਅਤੇ ਤੁਹਾਨੂੰ ਸਾਰੀਆਂ ਰਿਵਿਉ ਦੀਆਂ ਮੀਟਿੰਗਾਂ ਲਈ ਬੁਲਾਇਆ ਜਾਵੇਗਾ।
- ਜਿੰਨਾ ਵੀ ਹੋ ਸਕੇ ਇਕੱਲੇ ਲਈ ਨਿਸ਼ਾਨੇ ਕਲਾਸਰੂਮ ਵਿੱਚ ਹੀ ਅਮਲ ਵਿੱਚ ਲਿਆਉਣੇ ਚਾਹੀਦੇ ਹਨ।
- ਸਕੂਲ ਕਈ ਕਿਸਮ ਦੇ ਸਿਖਾਲਣ ਦੇ ਢੰਗ ਅਤੇ ਢੁੱਕਦਾ ਸਾਜੋਸਮਾਨ ਅਤੇ ਸਿਖਾਲਣ ਲਈ ਸਮਾਨ ਜਿਸ ਵਿੱਚ ਜਾਣਕਾਰੀ ਅਤੇ ਕੰਮਪਿਊਟਰ ਟੈਕਨਾਲੋਜੀ (ICT) ਵੀ ਸ਼ਾਮਲ ਹੈ, ਵਰਤਣਗੇ।

### ਮੁਮਕਿਨ/ਸੰਭਵ ਸਪੋਰਟ/ਮਦਦ

ਤੁਹਾਡੇ ਬੱਚੇ ਨੂੰ ਸਕੂਲ ਐਕਸ਼ਨ ਸਪੋਰਟ ਪੂਰੀ ਮਿਲੇਗੀ ਜੋਕਿ ਇਸ ਦੇ ਦੂਸਰੇ ਪਾਸੇ ਦਿੱਤੀ ਗਈ ਹੈ ਅਤੇ:

- ਇਕੱਲੇ ਇਕੱਲੇ ਨੂੰ ਮਦਦ ਜਾਂ ਗਰੁੱਪ ਵਿੱਚ ਮਦਦ
- ਸ਼ਾਇਦ ਏਜੁਕੇਸ਼ਨਲ ਸਾਈਕੋਲੋਜਿਸਟ (ਵਿਦਿਅਕ ਮਨੋਵਿਗਿਆਨੀ) ਵੀ ਸ਼ਾਮਲ ਹੋਵੇ (ਹਰ ਇੱਕ ਸਕੂਲ ਵਾਸਤੇ ਏਜੁਕੇਸ਼ਨਲ ਸਾਈਕੋਲੋਜਿਸਟ ਦਿੱਤੀ ਹੁੰਦੀ ਹੈ)
- ਲੋਕਲ ਅਥੋਰਿਟੀ ਸਪੋਰਟ ਸਟਾਫ਼ ਵਲੋਂ ਸਲਾਹ ਮਸ਼ਵਰਾ ਅਤੇ ਦੇਣ ਜ਼ਾਰੀ ਰਹਿਣੀ

ਗੁੰਝਲ ਵਾਲੀਆਂ ਲੋੜਾਂ ਵਾਲੇ ਕੁਝ ਬੱਚਿਆਂ ਲਈ ਸ਼ਾਇਦ ਅਥੋਰਿਟੀ ਵਲੋਂ ਸਪੈਸ਼ਲ ਏਜੁਕੇਸ਼ਨਲ ਨੀਡਜ਼ ਲਈ ਸਟੇਟਮੈਂਟ ਲਾਗੂ ਕੀਤੀ ਜਾਵੇ। ਜੇ ਤੁਹਾਡੇ ਬੱਚੇ ਨੂੰ ਸਟੇਟਮੈਂਟ ਮਿਲੀ ਹੈ ਤਾਂ ਮਿਹਰਬਾਨੀ ਕਰਕੇ ਜਾਣਕਾਰੀ ਦਾ ਪਰਚਾ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਅਸੀਂ ਵਲੰਟਰੀ ਸੈਕਟਰ ਤੇ ਆਧਾਰਿਤ ਹਾਂ ਅਤੇ
ਫੈਮਿਲੀ ਵੇਲਫੈਅਰ (ਪਰਿਵਾਰ ਦੀ ਭਲਾਈ)
ਏਸੋਸੀਏਸ਼ਨ ਦੀ ਹਿਮਾਇਤ ਮਿਲਦੀ ਹੈ ਅਤੇ
ਨੌਟਿੰਘਮ ਸਿਟੀ ਕਾਉਂਸਲ ਅਤੇ ਨੌਟਿੰਘਮਸ਼ਾਇਰ
ਕਾਉਂਟੀ ਕਾਉਂਸਲ ਵਲੋਂ ਫੰਡ ਮਿਲਦਾ ਹੈ।

ਪੇਰੇਂਟ ਪਾਰਟਨਰਸ਼ਿੱਪ ਸਰਵਿਸ (ਮਾਪਿਆਂ ਨਾਲ ਸਾਂਝਦਾਰੀ)
ਸੁਈਟ 5 ਕਲੇਰੇਨਡਨ ਚੈਂਮਬਰਸ
Parent Partnership Service
Suite 5 Clarendon Chambers
32 Clarendon Street
Nottingham NG1 5LN

ਫੋਨ, ਫੈਕਸ ਜਾਂ ਮਿਨੀਕਮ: 0115 948 2888
ਇਹ ਨੰਬਰ ਸਿਟੀ ਅਤੇ ਕਾਉਂਟੀ ਦੇ ਮਾਪਿਆਂ ਲਈ ਹੈ।

ਈਮੇਲ: enquiries@ppsnotts.org.uk
ਵੇੱਬਸਾਈਟ: www.ppsnotts.org.uk

Panjabi

ਮਾਪਿਆਂ ਲਈ ਰਾਹਨੁਮਾਈ

# ਸਕੂਲ ਐਕਸ਼ਨ ਐਂਡ ਸਕੂਲ ਐਕਸ਼ਨ ਪਲੱਸ

## School Action and School Action Plus

**ਸਪੈਸ਼ਲ ਏਜੁਕੇਸ਼ਨਲ ਨੀਡਜ਼ ਅਤੇ ਡਿਸਏਬਿਲਟੀਜ਼ ਵਾਲੇ ਸਾਰੇ ਬੱਚਿਆਂ ਦੇ ਮਾਪਿਆਂ ਅਤੇ ਕੇਅਰਰਾਂ ਲਈ ਜਾਣਕਾਰੀ**